# VPAS

ਵਿਕਟੋਰੀਅਨ
ਪੈਰੀਨੇਟਲ
ਆਟੋਪਸੀ
ਸੇਵਾ

# ਤੁਹਾਡੇ ਬੱਚੇ ਦੀ ਪੋਸਟਮਾਰਟਮ ਜਾਂਚ

ਤੁਹਾਨੂੰ ਪਹੁੰਚੇ ਨੁਕਸਾਨ ਦਾ ਸਾਨੂੰ ਬਹੁਤ ਅਫ਼ਸੋਸ ਹੈ।

ਤੁਹਾਨੂੰ ਇਹ ਜਾਣਕਾਰੀ ਸ਼ੀਟ ਇਸ ਲਈ ਦਿੱਤੀ ਗਈ ਹੈ ਕਿਉਂਕਿ ਤੁਸੀਂ ਆਪਣੇ ਬੱਚੇ ਦੀ ਪੋਸਟਮਾਰਟਮ ਜਾਂਚ ਲਈ ਸਹਿਮਤੀ ਦਿੱਤੀ ਹੈ।

ਇਹ ਜਾਂਚ ਸਾਨੂੰ ਇਸ ਬਾਰੇ ਵੱਧ ਤੋਂ ਵੱਧ ਸਿੱਖਣ ਵਿੱਚ ਮਦਦ ਕਰੇਗੀ ਕਿ ਤੁਹਾਡੇ ਬੱਚੇ ਦੀ ਮੌਤ ਕਿਉਂ ਹੋਈ।

ਤੁਹਾਡੀ ਸਿਹਤ ਸੰਭਾਲ ਟੀਮ ਨੇ ਤੁਹਾਡੇ ਨਾਲ ਅੱਗੇ ਹੋਰ ਪੜਤਾਲਾਂ ਸੰਬੰਧੀ ਤੁਹਾਡੇ ਵਿਕਲਪਾਂ ਬਾਰੇ ਚਰਚਾ ਕੀਤੀ ਹੋਵੇਗੀ।

ਇਹ ਫੈਸਲਾ ਕਰਨਾ ਕਿ ਕੀ ਤੁਹਾਡੇ ਬੱਚੇ ਦੀ ਪੋਸਟਮਾਰਟਮ ਜਾਂਚ ਹੋਣੀ ਚਾਹੀਦੀ ਹੈਸਮੇਤ, ਤੁਹਾਨੂੰ ਹੋਰ ਲਿਖਤੀ ਜਾਣਕਾਰੀ ਵੀ ਦਿੱਤੀ ਗਈ ਹੋਣੀ ਚਾਹੀਦੀ ਹੈ।

ਜੇਕਰ ਨਹੀਂ, ਤਾਂ ਤੁਸੀਂ ਇਸਦੀ ਇੱਕ ਕਾਪੀ ਦੀ ਮੰਗ ਕਰ ਸਕਦੇ ਹੋ। ਜਾਂ ਉਸਨੂੰ ਪੜ੍ਹਨ ਲਈ ਤੁਸੀਂ ਇਸ ਜਾਣਕਾਰੀ ਸ਼ੀਟ ਦੇ ਅੰਤ ਵਿੱਚ ਦਿੱਤੇ QR ਕੋਡ ਨੂੰ ਸਕੈਨ ਕਰ ਸਕਦੇ ਹੋ।

ਇਹ ਜਾਣਕਾਰੀ ਸ਼ੀਟ ਦੱਸਦੀ ਹੈ ਕਿ ਅੱਗੇ ਕੀ ਹੁੰਦਾ ਹੈ, ਜਾਂਚ ਕਿੱਥੇ ਕੀਤੀ ਜਾਵੇਗੀ ਅਤੇ ਹੋਰ ਜਾਣਕਾਰੀ ਲਈ ਕਿਸਨੂੰ ਸੰਪਰਕ ਕਰਨਾ ਹੈ।

## ਪੋਸਟਮਾਰਟਮ ਲਈ ਸਹਿਮਤ ਹੋਣ ਤੋਂ ਬਾਅਦ ਕੀ ਹੁੰਦਾ ਹੈ?

ਜਦੋਂ ਤੁਸੀਂ ਆਪਣੇ ਬੱਚੇ ਨਾਲ ਕੁਝ ਸਮਾਂ ਬਿਤਾ ਲੈਂਦੇ ਹੋ, ਤਾਂ ਤੁਹਾਡੀ ਸਿਹਤ ਸੰਭਾਲ ਟੀਮ ਵਿਕਟੋਰੀਅਨ ਪੈਰੀਨੇਟਲ ਆਟੋਪਸੀ ਸਰਵਿਸ (VPAS) ਕੋਆਰਡੀਨੇਟਰ ਨੂੰ ਦੱਸੇਗੀ ਕਿ ਤੁਹਾਡਾ ਬੱਚਾ ਪੋਸਟ-ਮਾਰਟਮ ਜਾਂਚ ਲਈ ਤਿਆਰ ਹੈ। VPAS ਕੋਆਰਡੀਨੇਟਰ ਤੁਹਾਡੇ ਬੱਚੇ ਨੂੰ ਜਾਂਚ ਲਈ ਮਾਹਰ ਸਾਈਟ (ਜਗ੍ਹਾ) 'ਤੇ ਲਿਜਾਉਣ ਦਾ ਪ੍ਰਬੰਧ ਕਰੇਗਾ।

ਜਿਸ ਸਮੇਂ ਤੋਂ ਤੁਹਾਡਾ ਬੱਚਾ ਤੁਹਾਡੀ ਦੇਖਭਾਲ ਤੋਂ ਬਾਹਰ ਜਾਂਦਾ ਹੈ, ਤੁਸੀਂ VPAS ਕੋਆਰਡੀਨੇਟਰ ਨਾਲ ਸੰਪਰਕ ਕਰ ਸਕਦੇ ਹੋ। ਉਹ ਤੁਹਾਡੇ ਸਵਾਲਾਂ ਦੇ ਜਵਾਬ ਦੇਣ ਲਈ ਉਪਲਬਧ ਹਨ ਅਤੇ ਤੁਹਾਨੂੰ ਜਿੰਨੀ ਵੀ ਜਾਣਕਾਰੀ ਚਾਹੀਦੀ ਹੋਵੇ, ਉਹ ਤੁਹਾਨੂੰ ਸੂਚਿਤ ਕਰਦੇ ਰਹਿੰਦੇ ਹਨ।

ਤੁਹਾਨੂੰ ਇਸ ਜਾਣਕਾਰੀ ਸ਼ੀਟ ਦੇ ਅੰਤ ਵਿੱਚ ਉਨ੍ਹਾਂ ਦੇ ਵੇਰਵੇ ਮਿਲ ਜਾਣਗੇ।

## ਪੋਸਟਮਾਰਟਮ ਕਿੱਥੇ ਹੋਵੇਗਾ?

ਤੁਹਾਡੇ ਬੱਚੇ ਦੀ ਪੋਸਟਮਾਰਟਮ ਜਾਂਚ ਇਸ ਜਗ੍ਹਾ 'ਤੇ ਹੋਵੇਗੀ:

- ☐ ਰਾਇਲ ਵੂਮੈਨ ਹਸਪਤਾਲ, Parkville (The Royal Women's Hospital, Parkville) (ਰਾਇਲ ਚਿਲਡਰਨ ਹਸਪਤਾਲ ਪੈਥੋਲੋਜੀ)
- ☐ ਮੋਨਾਸ਼ ਹੈਲਥ (Monash Health), Clayton (ਮੋਨਾਸ਼ ਪੈਥੋਲੋਜੀ)
- ☐ ਔਰਤਾਂ ਦਾ ਮਰਸੀ ਹਸਪਤਾਲ (The Mercy Hospital for Women) Heidelberg (ਆਸਟਿਨ ਪੈਥੋਲੋਜੀ)

## ਪੋਸਟਮਾਰਟਮ ਵਿੱਚ ਕਿੰਨਾ ਸਮਾਂ ਲੱਗਦਾ ਹੈ?

ਪੋਸਟਮਾਰਟਮ ਦੀ ਜਾਂਚ ਬਾਹਰੀ ਟੈਸਟਾਂ ਨਾਲ ਸ਼ੁਰੂ ਹੋਵੇਗੀ, ਜਿਵੇਂ ਕਿ ਐਕਸ-ਰੇ ਜਾਂ MRI ਇਹ ਟੈਸਟ ਜਿੰਨੀ ਜਲਦੀ ਹੋ ਸਕੇ ਕੀਤੇ ਜਾਣਗੇ, ਪਰ ਇਸ ਵਿੱਚ ਕੁਝ ਦਿਨ ਲੱਗ ਸਕਦੇ ਹਨ, ਇਹ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਉਹ ਸੇਵਾਵਾਂ ਕਦੋਂ ਉਪਲਬਧ ਹੁੰਦੀਆਂ ਹਨ। ਇਹ ਟੈਸਟ ਪੂਰੇ ਹੋਣ ਤੋਂ ਬਾਅਦ, ਅੰਦਰੂਨੀ ਜਾਂਚ (ਸਰਜੀਕਲ ਪ੍ਰਕਿਰਿਆ) ਕੀਤੀ ਜਾ ਸਕਦੀ ਹੈ। ਅੰਦਰੂਨੀ ਜਾਂਚ ਵਿੱਚ ਲਗਭਗ ਤਿੰਨ ਘੰਟੇ ਲੱਗਣਗੇ।

ਅਸੀਂ ਸਮਝਦੇ ਹਾਂ ਕਿ ਤੁਹਾਡੇ ਲਈ ਇਹ ਜਾਣਨਾ ਮਹੱਤਵਪੂਰਨ ਹੈ ਕਿ ਤੁਹਾਡਾ ਬੱਚਾ ਸਾਡੀ ਦੇਖਭਾਲ ਵਿੱਚ ਕਿੰਨਾ ਸਮਾਂ ਰਹੇਗਾ, ਕਿਉਂਕਿ ਇਸ ਨਾਲ ਤੁਹਾਡੇ ਬੱਚੇ ਦੇ ਅੰਤਿਮ ਸੰਸਕਾਰ ਦੀਆਂ ਤੁਹਾਡੀਆਂ ਯੋਜਨਾਵਾਂ ਉੱਪਰ ਪ੍ਰਭਾਵ ਪੈ ਸਕਦਾ ਹੈ।

ਇੱਕ ਵਾਰ ਜਦੋਂ ਤੁਹਾਡਾ ਬੱਚਾ ਮਾਹਰ ਜਗ੍ਹਾ 'ਤੇ ਪਹੁੰਚ ਜਾਂਦਾ ਹੈ, ਤਾਂ VPAS ਕੋਆਰਡੀਨੇਟਰ ਤੁਹਾਨੂੰ ਇਸ ਬਾਰੇ ਜ਼ਿਆਦਾ ਸਹੀ ਸਲਾਹ ਦੇ ਪਾਵੇਗਾ ਕਿ ਤੁਹਾਡਾ ਬੱਚਾ ਤੁਹਾਨੂੰ ਕਦੋਂ ਵਾਪਸ ਕੀਤਾ ਜਾਵੇਗਾ।





DOCUMENT NUMBER FAM-GUI-03 YOUR BABY'S POST-MORTEM EXAMINATION
REVISION NUMBER 01 EFFECTIVE DATE 21-JUN-2024

## ਪੋਸਟਮਾਰਟਮ ਤੋਂ ਬਾਅਦ ਕੀ ਹੁੰਦਾ ਹੈ?

ਪੋਸਟਮਾਰਟਮ ਪੂਰਾ ਕਰ ਲੈਣ ਤੋਂ ਬਾਅਦ, ਅਸੀਂ ਤੁਹਾਡੇ ਬੱਚੇ ਨੂੰ ਆਪਣੀ ਦੇਖਭਾਲ ਤੋਂ ਸੁਰੱਖਿਅਤ ਅਤੇ ਆਦਰਪੂਰਵਕ ਤਰੀਕੇ ਨਾਲ ਤੁਹਾਡੇ ਚੋਣ ਕੀਤੇ ਅੰਤਿਮ ਸੰਸਕਾਰ ਨਿਰਦੇਸ਼ਕ ਦੀ ਦੇਖਭਾਲ 'ਚ ਭੇਜਣ ਲਈ ਉਨ੍ਹਾਂ ਨਾਲ ਮਿਲ ਕੇ ਕੰਮ ਕਰਾਂਗੇ।

## ਕੀ ਤੁਸੀਂ ਪੋਸਟਮਾਰਟਮ ਤੋਂ ਬਾਅਦ ਆਪਣੇ ਬੱਚੇ ਨੂੰ ਦੇਖ ਸਕਦੇ ਹੋ?

ਹਾਂ। ਕੁਝ ਮਾਪੇ ਪੋਸਟਮਾਰਟਮ ਦੀ ਜਾਂਚ ਤੋਂ ਬਾਅਦ ਆਪਣੇ ਬੱਚੇ ਨਾਲ ਸਮਾਂ ਬਿਤਾਉਣ ਦੀ ਚੋਣ ਕਰਦੇ ਹਨ, ਜਾਂ ਤਾਂ ਉਸ ਵੇਲੇ ਜਦੋਂ ਬੱਚਾ ਅੰਤਿਮ ਸੰਸਕਾਰ ਡਾਇਰੈਕਟਰ ਦੀ ਦੇਖਭਾਲ ਵਿੱਚ ਹੁੰਦਾ ਹੈ ਜਾਂ, ਕੁਝ ਮਾਮਲਿਆਂ ਵਿੱਚ, ਘਰ ਵਿੱਚ।

ਇਹ ਤੁਹਾਡੇ ਪਰਿਵਾਰ ਦਾ ਇੱਕ ਨਿੱਜੀ ਫੈਸਲਾ ਹੈ।

ਜੇ ਤੁਹਾਡੇ ਬੱਚੇ ਦਾ ਪੂਰਾ ਜਾਂ ਸੀਮਤ ਪੋਸਟਮਾਰਟਮ ਹੋਇਆ ਹੈ, ਤਾਂ ਪੈਰੀਨੇਟਲ ਪੈਥੋਲੋਜਿਸਟ (ਡਾਕਟਰ) ਤੁਹਾਡੇ ਬੱਚੇ ਦੇ ਟਿਸ਼ੂ (tissue) ਅਤੇ ਅੰਗਾਂ ਦੀ ਜਾਂਚ ਕਰਨ ਲਈ ਸਰਜੀਕਲ ਓਪਨਿੰਗ ਕਰੇਗਾ (ਚੀਰਾ ਮਾਰੇਗਾ)। ਜਾਂਚ ਤੋਂ ਬਾਅਦ, ਉਹ ਧਿਆਨ ਨਾਲ ਇਨ੍ਹਾਂ ਚੀਰਿਆਂ ਨੂੰ ਬੰਦ ਕਰ ਦੇਣਗੇ। ਇੱਕ ਵਾਰ ਜਦੋਂ ਤੁਹਾਡੇ ਬੱਚੇ ਨੂੰ ਕੱਪੜੇ ਪੁਆ ਦਿੱਤੇ ਜਾਂਦੇ ਹਨ, ਤਾਂ ਚੀਰੇ ਦਿਖਾਈ ਨਹੀਂ ਦੇਣਗੇ।

## ਤੁਹਾਨੂੰ ਪੋਸਟਮਾਰਟਮ ਦੇ ਨਤੀਜੇ ਕਦੋਂ ਮਿਲਣਗੇ?

ਪੋਸਟਮਾਰਟਮ ਦੀ ਜਾਂਚ ਤੋਂ ਬਾਅਦ, ਪੈਰੀਨੇਟਲ ਪੈਥੋਲੋਜਿਸਟ ਇਹ ਦੱਸਦੇ ਹੋਏ ਇੱਕ ਵਿਸਥਾਰਪੂਰਵਕ ਰਿਪੋਰਟ ਲਿਖੇਗਾ ਕਿ ਉਨ੍ਹਾਂ ਨੂੰ ਕੀ ਦੇਖਣ ਨੂੰ ਮਿਲਿਆ ਹੈ। ਰਿਪੋਰਟ ਆਮ ਤੌਰ 'ਤੇ 10 ਤੋਂ 12 ਹਫ਼ਤਿਆਂ ਦੇ ਅੰਦਰ ਪੂਰੀ ਹੋ ਜਾਂਦੀ ਹੈ, ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਲੋੜੀਂਦੇ ਟੈਸਟਾਂ, ਅਤੇ ਨਤੀਜਿਆਂ ਨੂੰ ਪ੍ਰਾਪਤ ਕਰਨ ਵਿੱਚ ਕਿੰਨਾ ਸਮਾਂ ਲੱਗਦਾ ਹੈ।

ਰਿਪੋਰਟ ਉਸ ਡਾਕਟਰ ਨੂੰ ਭੇਜੀ ਜਾਵੇਗੀ ਜਿਸਨੇ ਤੁਹਾਡੀ ਅਤੇ ਤੁਹਾਡੇ ਬੱਚੇ ਦੀ ਦੇਖਭਾਲ ਕੀਤੀ ਹੁੰਦੀ ਹੈ।

ਤੁਹਾਡੇ ਬੱਚੇ ਦੀ ਪੋਸਟਮਾਰਟਮ ਜਾਂਚ ਦੌਰਾਨ ਕੀ ਪਾਇਆ ਗਿਆ ਇਸ ਬਾਰੇ ਚਰਚਾ ਕਰਨ ਲਈ ਉਹ ਤੁਹਾਡੇ ਨਾਲ ਇੱਕ ਫਾਲੋ-ਅੱਪ (ਅਗਲੀ) ਮੁਲਾਕਾਤ ਦਾ ਪ੍ਰਬੰਧ ਕਰਨਗੇ।

## ਸੋਗ ਨਾਲ ਨਜਿੱਠਣ ਲਈ ਵਸੀਲੇ ਅਤੇ ਜਾਣਕਾਰੀ

ਜੇਕਰ ਤੁਹਾਨੂੰ ਵਧੇਰੇ ਜਾਣਕਾਰੀ ਅਤੇ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ ਆਪਣੀ ਸਿਹਤ ਸੰਭਾਲ ਟੀਮ ਨਾਲ ਗੱਲ ਕਰੋ।

ਹੇਠ ਲਿਖੀਆਂ ਚੀਜ਼ਾਂ ਬਾਰੇ ਜਾਣਕਾਰੀ ਲਈ ਤੁਸੀਂ ਇਨ੍ਹਾਂ QR ਕੋਡਸ ਨੂੰ ਸਕੈਨ ਕਰ ਸਕਦੇ ਹੋ:

ਸੋਗ-ਨਜਿੱਠਣ ਸੰਬੰਧੀ ਸਹਾਇਤਾ

VPAS ਪਰਿਵਾਰਕ ਸਰੋਤ ਜਾਣਕਾਰੀ

## ਜੇਕਰ ਤੁਹਾਨੂੰ ਹੋਰ ਵਧੇਰੇ ਜਾਣਕਾਰੀ ਚਾਹੀਦੀ ਹੈ ਤਾਂ VPAS ਕੋਆਰਡੀਨੇਟਰ ਨਾਲ ਸੰਪਰਕ ਕਰੋ

T 1800 841 024
E VPAC@thewomens.org.au

### ਖੁੱਲਣ ਦੇ ਘੰਟੇ

ਸੋਮਵਾਰ-ਸ਼ੁੱਕਰਵਾਰ

ਸਵੇਰੇ 9:00 ਵਜੇ ਤੋਂ ਸ਼ਾਮ 5:00 ਵਜੇ ਤੱਕ।